**PHKM-U-PNJB**

# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

| | |
|---|---|
| ਨਿਰਧਾਰਿਤ ਸਮਾਂ : **ਤਿੰਨ** ਘੰਟੇ | ਕੁੱਲ ਅੰਕ : **250** |
| *Time Allowed : **Three Hours*** | *Maximum Marks : **250*** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ, ਜੋ **ਦੋ ਭਾਗਾਂ** ਵਿੱਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿੱਚੋਂ ਕੋਈ **ਤਿੰਨ** ਪ੍ਰਸ਼ਨ ਕਰੋ, ਪਰੰਤੂ ਦੋਵੇਂ ਭਾਗਾਂ ਵਿੱਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ / ਭਾਗ ਦੇ ਅੰਕ, ਉਸ ਦੇ ਨਾਲ ਹੀ ਦੱਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ, **ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ)** ਵਿੱਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ, ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ-ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕੱਟਿਆ ਨਾ ਗਿਆ, ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ , ਭਾਵੇਂ ਉਹ ਅਧੂਰਾ ਹੀ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖ਼ਾਲੀ ਹਿੱਸਾ, ਜੇ ਖ਼ਾਲੀ ਹੈ, ਤਾਂ ਉਸ ਉੱਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ ।** *10×5=50*

(a) ਗੁਰਮਤਿ ਕਾਵਿ ਦੇ ਵਿਚਾਰਧਾਰਕ ਪਰਿਪੇਖ ਬਾਰੇ ਸੰਖੇਪ ਚਰਚਾ ਕਰੋ । *10*

(b) ਪੰਜਾਬੀ ਭਾਸ਼ਾ ਦੇ ਆਰੰਭ ਅਤੇ ਵਿਕਾਸ ਦੇ ਮੁਖ ਪੜਾਵਾਂ ਦਾ ਵਿਵੇਚਨ ਕਰੋ । *10*

(c) ਪੰਜਾਬੀ ਭਾਸ਼ਾ ਲਿਖਣ ਲਈ ਰੋਮਨ, ਫਾਰਸੀ, ਦੇਵਨਾਗਰੀ ਅਤੇ ਗੁਰਮੁਖੀ ਵਿਚੋਂ ਕਿਹੜੀ ਲਿਪੀ ਸਭ ਤੋਂ ਉਚਿਤ ਹੈ ? ਦਲੀਲਾਂ ਸਹਿਤ ਵਿਚਾਰ ਕਰੋ । *10*

(d) ਪੂਰਬੀ ਪੰਜਾਬ ਦੀਆਂ ਮੁੱਖ ਉਪਭਾਸ਼ਾਵਾਂ ਕਿਹੜੀਆਂ ਹਨ ਅਤੇ ਇਨ੍ਹਾਂ ਵਿਚੋਂ ਕਿਹੜੀ ਉਪਭਾਸ਼ਾ ਨੂੰ ਪੰਜਾਬੀ ਦੀ ਕੇਂਦਰੀ ਉਪਭਾਸ਼ਾ ਵਜੋਂ ਮਾਨਤਾ ਦਿੱਤੀ ਗਈ ਹੈ ਅਤੇ ਕਿਉਂ ? *10*

(e) ਤਤਸਮ ਅਤੇ ਤਦਭਵ ਸ਼ਬਦਾਂ ਵਿਚ ਅੰਤਰ ਨਿਖੇੜ ਕਰਦਿਆਂ ਪੰਜਾਬੀ ਸ਼ਬਦ ਭੰਡਾਰ ਵਿੱਚ ਇਨ੍ਹਾਂ ਸ਼ਬਦਾਂ ਨੂੰ ਗ੍ਰਹਿਣ ਕਰਨ ਦੀ ਪ੍ਰਕ੍ਰਿਆ ਨੂੰ ਉਦਾਹਰਨਾਂ ਸਹਿਤ ਸਮਝਾਉ । *10*

**Q2. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਵਾਕ ਵਿਉਂਤ ਨੂੰ ਪਰਿਭਾਸ਼ਤ ਕਰਦੇ ਹੋਏ ਪੰਜਾਬੀ ਵਾਕਾਂ ਵਿੱਚ ਵਾਕ ਤੱਤਾਂ ਦੀ ਤਰਤੀਬ ਦੇ ਮੁੱਖ ਨਿਯਮ ਬਿਆਨ ਕਰੋ । *20*

(b) ਵਰਤਮਾਨ ਦੌਰ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ ਸਬੰਧੀ ਕਿਸ ਤਰ੍ਹਾਂ ਦੀਆਂ ਸਮੱਸਿਆਵਾਂ ਦਰਪੇਸ਼ ਹਨ ? ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਕਿਸ ਤਰ੍ਹਾਂ ਦੇ ਯਤਨ ਕਰਨ ਦੀ ਲੋੜ ਹੈ ? *15*

(c) ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨੂੰ ਉਸਾਰਨ ਵਿੱਚ ਜਨਮਸਾਖੀ ਸਾਹਿਤ ਦਾ ਕੀ ਯੋਗਦਾਨ ਹੈ ? ਚਰਚਾ ਕਰੋ । *15*

**Q3. ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪੰਜਾਬੀ ਭਾਸ਼ਾ ਦੀ ਧੁਨੀ-ਵਿਉਂਤ ਦੀ ਚਰਚਾ ਕਰਦੇ ਹੋਏ ਇਸ ਦੀਆਂ ਖੰਡੀ ਅਤੇ ਅਖੰਡੀ ਧੁਨੀਆਂ ਦਾ ਅੰਤਰ ਸਪੱਸ਼ਟ ਕਰੋ । *20*

(b) ਪੰਜਾਬੀ ਭਾਸ਼ਾ ਵਿਚ ਕ੍ਰਿਆ ਤੇ ਕ੍ਰਿਆ-ਵਾਕਾਂਸ਼ ਦਾ ਅੰਤਰ ਸਪੱਸ਼ਟ ਕਰਦੇ ਹੋਏ ਕ੍ਰਿਆ-ਵਾਕਾਂਸ਼ ਦਾ ਸਰੂਪ ਵਿਸਥਾਰ ਸਹਿਤ ਬਿਆਨ ਕਰੋ । *15*

(c) ਪੰਜਾਬੀ ਸਾਹਿਤ ਵਿੱਚ ਕਿੱਸਾ ਕਾਵਿ ਦਾ ਕੀ ਮਹੱਤਵ ਹੈ ? ਇਸਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਰੋਸ਼ਨੀ ਪਾਓ । *15*

**Q4.** **ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਗੁਰਮੁਖੀ ਲਿੱਪੀ ਦੇ ਆਰੰਭ ਅਤੇ ਵਿਕਾਸ ਦੇ ਵਿਭਿੰਨ ਪੜਾਵਾਂ ਦਾ ਅਧਿਐਨ ਕਰਨੇ ਜ਼ਰੂਰੀ ਹਨ । *20*

(b) ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਣ ਵਿਚ ਨਾਥ-ਜੋਗੀਆਂ ਦੇ ਸਾਹਿਤ ਵਲੋਂ ਪਾਏ ਯੋਗਦਾਨ ਉਤੇ ਵਿਚਾਰ ਕਰੋ । *15*

(c) ਸੁਰ-ਪ੍ਰਬੰਧ (Tonal system) ਤੋਂ ਕੀ ਭਾਵ ਹੈ ? ਇਸ ਪੱਖੋਂ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਨਿਖੜਵੇਂ ਲੱਛਣ ਬਿਆਨ ਕਰੋ । *15*

## SECTION B

**Q5.** **ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ ।** *10×5=50*

(a) ਰਹੱਸਵਾਦ ਅਤੇ ਨਵ-ਰਹੱਸਵਾਦ ਦੇ ਦਾਰਸ਼ਨਿਕ ਆਧਾਰਾਂ ਵਿਚ ਅੰਤਰ ਸਪਸ਼ਟ ਕਰੋ । *10*

(b) ਪੰਜਾਬੀ ਅਖਾਣਾਂ ਦੀ ਰੂਪ-ਰਚਨਾ ਦਾ ਵਿਵੇਚਨ ਕਰੋ । *10*

(c) ਪੰਜਾਬੀ ਨਾਟਕ ਦੇ ਵਿਕਾਸ ਵਿਚ ਬਲਵੰਤ ਗਾਰਗੀ ਦੇ ਨਾਟਕਾਂ ਦੀ ਵਿਸ਼ੇਸ਼ਤਾ ਬਿਆਨ ਕਰੋ । *10*

(d) ਪੱਛਮੀ ਸਾਹਿਤ ਨੇ ਸਮਾਜਿਕ ਅਤੇ ਸਭਿਆਚਾਰਕ ਪੱਖੋਂ ਪੰਜਾਬੀ ਸਾਹਿਤ ਨੂੰ ਕਿਵੇਂ ਪ੍ਰਭਾਵਿਤ ਕੀਤਾ ? ਚਰਚਾ ਕਰੋ । *10*

(e) ਕੁਲਵੰਤ ਸਿੰਘ ਵਿਰਕ ਦੀਆਂ ਕਹਾਨੀਆਂ ਦੀ ਮਾਨਵਵਾਦੀ ਦ੍ਰਿਸ਼ਟੀ ਤੋਂ ਵਿਆਖਿਆ ਕਰੋ । *10*

**Q6.** **ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪ੍ਰਗਤੀਵਾਦ ਨੂੰ ਪਰਿਭਾਸ਼ਤ ਕਰਦੇ ਹੋਏ ਅੰਮ੍ਰਿਤਾ ਪ੍ਰੀਤਮ ਅਤੇ ਪ੍ਰੀਤਮ ਸਿੰਘ ਸਫੀਰ ਦੇ ਕਾਵਿ ਵਿਚ ਵਿਚਾਰਧਾਰਾਈ ਵਖਰੇਵਾਂ ਬਿਆਨ ਕਰੋ । *20*

(b) 'ਪੰਜਾਬੀ ਪ੍ਰਗੀਤਕ ਸ਼ਾਇਰੀ ਦਾ ਪੰਜਾਬ ਦੇ ਸਮਾਜਿਕ-ਸਭਿਆਚਾਰਕ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ ।' ਦਲੀਲਾਂ ਦੇ ਕੇ ਇਸ ਕਥਨ ਦੀ ਸਮੀਖਿਆ ਕਰੋ । *15*

(c) ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਦੀ ਸਮੀਖਿਆ-ਦ੍ਰਿਸ਼ਟੀ ਦੀਆਂ ਮੂਲ ਧਾਰਨਾਵਾਂ ਵਿਚਲੀ ਸਮਾਨਤਾ ਤੇ ਅਸਮਾਨਤਾ ਨੂੰ ਰੇਖਾਂਕਿਤ ਕਰੋ । *15*

**Q7.** **ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪੰਜਾਬੀ ਪ੍ਰਗੀਤ ਪਰੰਪਰਾ ਦੇ ਵਿਕਾਸ ਵਿਚ ਪੰਜਾਬੀ ਦੇ ਸੂਫ਼ੀ ਸ਼ਾਇਰਾਂ ਦੇ ਯੋਗਦਾਨ ਦੀ ਚਰਚਾ ਕਰੋ । *20*

(b) ਸੁਹਜਵਾਦ ਨੂੰ ਪਰਿਭਾਸ਼ਤ ਕਰਦੇ ਹੋਏ ਹਰਿਭਜਨ ਸਿੰਘ ਦੇ ਕਾਵਿ ਦੀ ਸੁਹਜਵਾਦੀ ਦ੍ਰਿਸ਼ਟੀ ਤੋਂ ਸਮੀਖਿਆ ਕਰੋ । *15*

(c) ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਪੇਸ਼ ਹੋਏ ਮਲਵੱਈ ਉਪ-ਸਭਿਆਚਾਰ ਦੇ ਵਿਭਿੰਨ ਪੱਖਾਂ ਦੀ ਚਰਚਾ ਕਰੋ । *15*

Q8. **ਹੇਠ ਲਿਖੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

(a) ਪ੍ਰੋ. ਪੂਰਨ ਸਿੰਘ ਦੀ ਵਾਰਤਕ ਨੇ ਪੰਜਾਬੀ ਨਿਬੰਧ ਰੂਪ ਨੂੰ ਸ੍ਰੇਸ਼ਠਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ । ਇਸ ਕਥਨ ਸਬੰਧੀ ਆਪਣੀ ਰਾਇ ਸਪੱਸ਼ਟ ਕਰੋ । *20*

(b) ਚਰਨ ਦਾਸ ਸਿੱਧੂ ਆਪਣੇ ਨਾਟਕਾਂ ਵਿੱਚ ਦੁਆਬੇ ਦੇ ਪੇਂਡੂ ਜੀਵਨ ਨੂੰ ਯਥਾਰਥਵਾਦੀ ਨਾਟ-ਸ਼ੈਲੀ ਵਿੱਚ ਸਫ਼ਲਤਾਪੂਰਵਕ ਚਿਤਰਦਾ ਹੈ । ਉਸਦੇ ਨਾਟਕਾਂ ਨੂੰ ਆਧਾਰ ਬਣਾ ਕੇ ਇਸ ਕਥਨ ਦੀ ਪੁਸ਼ਟੀ ਕਰੋ । *15*

(c) ਲੋਕ ਗੀਤ ਲੋਕ ਮਨ ਦੀ ਅਭਿਵਿਅਕਤੀ ਦਾ ਸ਼ਕਤੀਸ਼ਾਲੀ ਮਾਧਿਅਮ ਹੈ । ਇਸ ਕਥਨ ਦੀ ਉਦਾਹਰਣਾਂ ਸਾਹਿਤ ਪੁਸ਼ਟੀ ਕਰੋ । *15*